Gouvernement du Canada | Government of Canada

# ਪਰਿਵਾਰ ਲਈ ਟੈਕਸ ਵਿੱਚ ਕਟੌਤੀਆਂ ਅਤੇ ਫਾਇਦੇ



## ਵਧਾਇਆ ਗਿਆ ਯੂਨੀਵਰਸਲ ਚਾਈਲਡ ਕੇਅਰ ਬੈਨਿਫਿਟ (UCCB)

UCCB ਪਰਿਵਾਰਾਂ ਨੂੰ ਇਹ ਫੈਸਲਾ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਉਹਨਾਂ ਦੇ ਬੱਚਿਆਂ ਲਈ ਬਿਹਤਰੀਨ ਕੀ ਹੈ

ਕਿਉਂਕਿ ਹਰੇਕ ਪਰਿਵਾਰ ਵਿਲੱਖਣ ਹੁੰਦਾ ਹੈ।

PLAN D'ACTION ÉCONOMIQUE DU CANADA

Canada

## ਇਸਦਾ ਤੁਹਾਡੇ ਪਰਿਵਾਰ ਲਈ ਕੀ ਮਤਲਬ ਹੈ?



**6 ਸਾਲ ਤੋਂ ਘੱਟ ਉਮਰ ਦੇ ਬੱਚੇ $1,920 ਪ੍ਰਤੀ ਬੱਚਾ ਪ੍ਰਤੀ ਸਾਲ**

**6–17 ਸਾਲ ਦੇ ਬੱਚੇ $720 ਪ੍ਰਤੀ ਬੱਚਾ ਪ੍ਰਤੀ ਸਾਲ**

## ਕੀ ਤੁਹਾਨੂੰ ਪਤਾ ਹੈ ਕਿ ਪਰਿਵਾਰਾਂ ਨੂੰ ਵਧਾਏ ਗਏ ਭੁਗਤਾਨ ਜੁਲਾਈ 2015 ਤੋਂ ਮਿਲਣੇ ਸ਼ੁਰੂ ਹੋ ਜਾਣਗੇ?

ਵਧਾਇਆ ਗਿਆ **UCCB 1** ਜਨਵਰੀ **2015** ਨੂੰ ਪ੍ਰਭਾਵ ਵਿੱਚ ਆਇਆ। ਪਰਿਵਾਰਾਂ ਨੂੰ ਇੱਕ ਵਾਰ ਮਿਲਣ ਵਾਲਾ ਪਿਛਲੀ ਮਿਤੀ ਤੋਂ ਭੁਗਤਾਨ ਮਿਲੇਗਾ।*

ਇਹਨਾਂ ਤਬਦੀਲੀਆਂ ਦੇ ਨਾਲ, ਬੱਚਿਆਂ ਵਾਲੇ ਲਗਭਗ **4** ਮਿਲੀਅਨ ਪਰਿਵਾਰਾਂ ਨੂੰ ਫਾਇਦਾ ਹੋਣ ਦੀ ਉਮੀਦ ਹੈ।

ਜੇਕਰ ਤੁਹਾਡੇ **18** ਸਾਲ ਤੋਂ ਘੱਟ ਉਮਰ ਦੇ ਬੱਚੇ ਹਨ, ਤਾਂ ਤੁਸੀਂ ਇਸਦੇ ਯੋਗ ਹੋ। ਬੱਸ।

* ਉਪਾਅ ਪਾਰਲਿਆਮੈਂਟ ਦੀ ਪ੍ਰਵਾਨਗੀ 'ਤੇ ਨਿਰਭਰ ਕਰਦੇ ਹਨ।

## ਤੁਹਾਡੀ ਸਥਿਤੀ ਕੀ ਹੈ?

### ਤੁਹਾਨੂੰ ਵਰਤਮਾਨ ਵਿੱਚ UCCB ਮਿਲਦਾ ਹੈ

**6** ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ ਤੁਹਾਡੇ ਭੁਗਤਾਨਾਂ ਵਿੱਚ ਆਪਣੇ-ਆਪ **$60**/ਮਹੀਨਾ ਦਾ ਵਾਧਾ ਹੋ ਜਾਵੇਗਾ।

### ਜੇ ਤੁਹਾਨੂੰ UCCB ਮਿਲਦਾ ਸੀ ਜਾਂ ਤੁਸੀਂ ਪਹਿਲਾਂ ਕੈਨੇਡਾ ਚਾਈਲਡ ਟੈਕਸ ਫਾਇਦੇ ਲਈ ਦਰਖਾਸਤ ਦਿੱਤੀ ਸੀ ਜਾਂ ਤੁਹਾਨੂੰ ਇਹ ਮਿਲਿਆ ਸੀ

ਜੇ ਤੁਸੀਂ ਯੋਗ ਹੋਵੋਗੇ ਤਾਂ ਤੁਹਾਨੂੰ ਆਪਣੇ-ਆਪ ਹੀ ਵਧਾਇਆ ਗਿਆ UCCB ਮਿਲੇਗਾ।

ਜੇ ਤੁਹਾਡੇ ਪਰਿਵਾਰ ਦੀ ਸਥਿਤੀ ਜਾਂ ਸੰਪਰਕ ਜਾਣਕਾਰੀ ਬਦਲ ਗਈ ਹੈ ਤਾਂ 1 800 O-Canada 'ਤੇ ਕਾਲ ਕਰੋ।

## ਤੁਹਾਨੂੰ ਕਦੇ ਵੀ UCCB ਨਹੀਂ ਮਿਲਿਆ ਹੈ

ਹੁਣ UCCB ਸਿਰਫ ਛੋਟੇ ਬੱਚਿਆਂ ਦੇ ਲਈ ਹੀ ਨਹੀਂ ਹੈ। ਇਹ ਹੁਣ 6 ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਲਈ ਵੀ ਹੈ।

ਜੇ ਤੁਸੀਂ ਕਦੇ ਵੀ ਦਰਖਾਸਤ ਨਹੀਂ ਦਿੱਤੀ ਅਤੇ ਤੁਸੀਂ ਦੇਖਭਾਲ ਕਰਨ ਵਾਲੇ ਮੁੱਖ ਵਿਅਕਤੀ ਹੋ, ਤਾਂ ਹੁਣੇ Canada.ca/TaxSavings 'ਤੇ ਦਰਖਾਸਤ ਦਿਓ

ਜਾਂ 1 800 O-Canada (1-800-622-6232) 'ਤੇ ਕਾਲ ਕਰੋ।

ਤੁਸੀਂ ਇਹ ਪ੍ਰਕਾਸ਼ਨ ਔਨਲਾਈਨ ਇਸ ਵੈਬਸਾਈਟ ਤੋਂ ਡਾਊਨਲੋਡ ਕਰ ਸਕਦੇ ਹੋ:
publicentre.esdc.gc.ca

ਇਹ ਦਸਤਾਵੇਜ਼ ਬੇਨਤੀ ਕਰਨ 'ਤੇ ਅਤੇ 1 800 O-Canada (1-800-622-6232), ਟੈਲੀਟਾਈਪਰਾਈਟਰ (TTY) 1-800-926-9105 'ਤੇ ਸੰਪਰਕ ਕਰਕੇ ਕਈ ਰੂਪਾਂ ਵਿੱਚ ਮਿਲ ਸਕਦਾ ਹੈ।

© ਹਰ ਮੈਜੇਸਟੀ ਦਿ ਕਵੀਨ ਇਨ ਰਾਈਟ ਆਫ਼ ਕੈਨੇਡਾ 2015

**droitdauteur.copyright@HRSDC-RHDCC.gc.ca**

| PAPER | PDF | ESDC |
|---|---|---|
| Cat. No. Em20-27/2015Pu | Cat. No.Em20-27/2015Pu-PDF | Cat. No. SP-1091-04-15-pu |
| ISBN 978-0-660-02200-0 | ISBN 978-0-660-02201-7 | |

**Également disponible en Français • Also available in English**